# ਪੱਧਰ 3

1. ਆਪਣੇ ਆਲ਼ੇ-ਦੁਆਲ਼ੇ ਮੌਜੂਦ ਜਨਤਕ ਥਾਂਵਾਂ ਦੀ ਸੂਚੀ ਬਣਾਓ। ਇਹਨਾਂ ਪ੍ਰਤੀ ਤੁਹਾਡੀ ਕੀ ਜ਼ੁੰਮੇਵਾਰੀ ਹੈ?
2. ਅਜੋਕੇ ਸਮਾਜ ਵਿੱਚ 'ਦਾਜ ਦੀ ਸਮੱਸਿਆ' ਬਾਰੇ ਆਪਣੇ ਵਿਚਾਰ ਸਾਂਝੇ ਕਰੋ ਅਤੇ ਸਾਲ 2021-2024 ਵਿੱਚ ਦਾਜ ਦੀ ਮੰਗ ਕਾਰਨ ਆਪਣੀ ਜਾਨ ਗਵਾਉਣ ਵਾਲ਼ੀਆਂ ਔਰਤਾਂ ਦੇ ਅੰਕੜੇ ਵੀ ਲਿਖੋ।
3. ਪ੍ਰਦੂਸ਼ਣ ਦੀਆਂ ਚਾਰ ਕਿਸਮਾਂ ਨੂੰ ਦਰਸਾਉਂਦਾ ਇੱਕ ਪੋਸਟਰ ਤਿਆਰ ਕਰੋ।
4. ਜੇਕਰ ਤੁਹਾਨੂੰ ਇੱਕ ਦਿਨ ਲਈ ਸਕੂਲ ਦਾ ਮੁਖੀ ਬਣਨ ਦਾ ਮੌਕਾ ਮਿਲ਼ੇ ਤਾਂ ਤੁਸੀਂ ਆਪਣੇ ਸਕੂਲ ਵਿੱਚ ਕੀ ਬਦਲਾਅ ਕਰਨਾ ਚਾਹੋਗੇ?
5. ਸ਼ਬਦ-ਭੇਦ ਦੀ ਕਿਸੇ ਵੀ ਇੱਕ ਕਿਸਮ 'ਤੇ ਸਕਰੈਪ ਫ਼ਾਈਲ ਤਿਆਰ ਕਰੋ।
6. ਇੱਕ ਵਿਦਿਆਰਥੀ ਛੁੱਟੀਆਂ ਦੇ ਸਮੇਂ ਦਾ ਸਦਉਪਯੋਗ ਕਿਵੇਂ ਕਰ ਸਕਦਾ ਹੈ? ਇਸ ਸੰਬੰਧੀ ਆਪਣੇ ਵਿਚਾਰ ਲਿਖ ਕੇ ਆਪਣੇ ਮਿੱਤਰ ਜਾਂ ਸਹੇਲੀ ਨੂੰ ਚਿੱਠੀ ਰੂਪ ਵਿੱਚ ਡਾਕ ਰਾਹੀਂ ਭੇਜੋ।